Press Note

**JAGAT GURU NANAK DEV PUNJAB STATE OPEN UNIVERSITY, PATIALA**

(Established by Act No.19 of 2019 of Legislature of the State of Punjab)

PSOU/PRC/2025/142

21 ਫਰਵਰੀ 2025

## JGND PSOU ਵਿਖੇ ਕੌਮਾਂਤਰੀ ਮਾਤ ਭਾਸ਼ਾ ਦਿਵਸ ਨੂੰ ਸਮਰਪਿਤ ਇੱਕ ਰੋਜ਼ਾ ਸੈਮੀਨਾਰ

**21 ਫਰਵਰੀ 2025**

ਵਿਦਿਆਰਥੀ ਭਲਾਈ ਵਿਭਾਗ ਅਤੇ ਸਕੂਲ ਆਫ ਲੈਂਗੂਏਜ਼ , ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਵਿਖੇ ਸ੍ਰੀ ਕੇ. ਕੇ. ਯਾਦਵ (ਆਈ. ਏ. ਐਸ.) ਮਾਨਯੋਗ ਵਾਈਸ ਚਾਂਸਲਰ ਦੀ ਅਗਵਾਈ ਹੇਠ ਪ੍ਰਬੰਧਕੀ ਬਲਾਕ ਵਿੱਚ 21 ਫਰਵਰੀ 2025 ਨੂੰ ਕੌਮਾਂਤਰੀ ਮਾਤ ਭਾਸ਼ਾ ਦਿਵਸ ਮੌਕੇ ਇੱਕ ਰੋਜ਼ਾ ਸੈਮੀਨਾਰ "ਤਣਾਅ-ਮੁਕਤ ਸਿੱਖਿਆ ਲਈ ਮਾਤ ਭਾਸ਼ਾ ਦੀ ਮਹੱਤਤਾ" ਦਾ ਆਯੋਜਨ ਕੀਤਾ ਗਿਆ। ਡਾ ਨਵਲੀਨ ਮੁਲਤਾਨੀ, ਡੀਨ ਰਿਸਰਚ ਅਤੇ ਮੁੱਖੀ ਸਕੂਲ ਆਫ ਲੈਂਗੂਏਜ ਨੇ ਦਸਿੱਆ "ਇਸ ਸੈਮੀਨਾਰ ਦਾ ਮੁੱਖ ਉਦੇਸ਼ ਮਾਤ ਭਾਸ਼ਾ ਦੀ ਮਹੱਤਤਾ ਨੂੰ ਉਜਾਗਰ ਕਰਨਾ, ਵਿਦਿਆਰਥੀਆਂ ਵਿੱਚ ਆਪਣੇ ਸੱਭਿਆਚਾਰ ਅਤੇ ਭਾਸ਼ਾਈ ਵਿਰਾਸਤ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਹੈ।" "ਇਹ ਸਮਾਗਮ," ਪ੍ਰੋ. (ਡਾ.) ਬਲਜੀਤ ਸਿੰਘ ਖਹਿਰਾ ਨੇ ਕਿਹਾ, "ਮਾਨਯੋਗ ਗਵਰਨਰ ਸਾਹਿਬ ਦੇ ਦਿਸ਼ਾ ਨਿਰਦੇਸ਼ਾਂ ਤੇ ਕਰਵਾਇਆ ਗਿਆ ਹੈ।"

ਪ੍ਰੋ. ਸਤੀਸ਼ ਵਰਮਾ, ਸਾਬਕਾ ਪ੍ਰੋਫ਼ੈਸਰ ਅਤੇ ਡਾਇਰੈਕਟਰ, ਯੂਥ ਵੈਲਫੇਅਰ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅੱਜ ਦੇ ਮੁੱਖ ਵਕਤਾ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਕਿ ਮਾਤ ਭਾਸ਼ਾ ਸਾਡੀ ਵਿਅਕਤੀਗਤ ਤੇ ਸਮਾਜਿਕ ਪਛਾਣ ਦਾ ਅਹਿਮ ਹਿੱਸਾ ਹੈ। ਇਹ ਨਾ ਸਿਰਫ ਸਾਡੀ ਸਿੱਖਿਆ ਦਾ ਆਧਾਰ ਹੁੰਦੀ ਹੈ, ਬਲਕਿ ਇਹ ਨਸ਼ਾ ਖਿਲਾਫ ਜਾਗਰੂਕਤਾ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਮਾਤ ਭਾਸ਼ਾ ਰਾਹੀਂ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਵਲੋਂ ਬਚਾਉਣ ਦੀ ਇੱਕ ਠੋਸ ਕੋਸ਼ਿਸ਼ ਕੀਤੀ ਜਾ ਸਕਦੀ ਹੈ।

ਇਸ ਸੈਮੀਨਾਰ ਦਾ ਆਯੋਜਨ ਵਿਦਿਆਰਥੀ ਭਲਾਈ ਵਿਭਾਗ ਦੇ ਇੰਚਾਰਜ ਡਾ. ਧਰਮਿੰਦਰ ਸਿੰਘ ਅਤੇ ਉਨ੍ਹਾਂ ਦੇ ਸਹਿਯੋਗੀ ਡਾ. ਵਿਨੋਦ ਕੁਮਾਰ, ਡਾ. ਧਰਮਿੰਦਰ ਸਿੰਘ, ਪ੍ਰੋ. ਸਰਵਰਿੰਦਰ ਸਿੰਘ, ਪ੍ਰੋ. ਗੁਰਸੰਦੇਸ਼ ਸਿੰਘ ਵੱਲੋਂ ਕੀਤਾ ਗਿਆ। ਪ੍ਰੋ. ਕੰਵਲਵੀਰ ਸਿੰਘ ਢੀਂਡਸਾ, ਕੰਟਰੋਲਰ ਪ੍ਰੀਖਿਆਵਾਂ ਵੱਲੋਂ ਧੰਨਵਾਦ ਕੀਤਾ ਗਿਆ।

ਨਵਲੀਨ ਮੁਲਤਾਨੀ 21/02/25

ਡਾਇਰੈਕਟਰ

ਲੋਕ ਸੰਪਰਕ

Director-Public Relations Cell
Jagat Guru Nanak Dev
Punjab State Open University
Patiala – 147001(PB) INDIA

## News Clips



# ਸੈਮੀਨਾਰ 'ਚ ਕੌਮਾਂਤਰੀ ਮਾਤ ਭਾਸ਼ਾ ਦਿਵਸ ਦੀ ਦੱਸੀ ਮਹੱਤਤਾ

**ਪੱਤਰ ਪ੍ਰੇਰਕ, •ਪੰਜਾਬੀ ਜਾਗਰਣ• ਪਟਿਆਲਾ** : ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਵਿਖੇ ਭਲਾਈ ਵਿਭਾਗ ਅਤੇ ਸਕੂਲ ਆਫ ਲੈਂਗੂਏਜ਼ ਵਿਭਾਗ ਵੱਲੋਂ ਵਾਈਸ ਚਾਂਸਲਰ ਕੇ ਕੇ ਯਾਦਵ (ਆਈਏਐਸ) ਦੀ ਅਗਵਾਈ ਹੇਠ ਪ੍ਰਬੰਧਕੀ ਬਲਾਕ 'ਚ ਕੌਮਾਂਤਰੀ ਮਾਤ ਭਾਸ਼ਾ ਦਿਵਸ ਮੌਕੇ ਇਕ ਰੋਜ਼ਾ ਸੈਮੀਨਾਰ 'ਤਣਾਅ-ਮੁਕਤ ਸਿੱਖਿਆ ਲਈ ਮਾਤ ਭਾਸ਼ਾ ਦੀ ਮਹੱਤਤਾ' 'ਤੇ ਸਮਾਗਮ ਕਰਵਾਇਆ। ਸੈਮੀਨਾਰ ਦਾ ਮੁੱਖ ਉਦੇਸ਼ ਮਾਤ ਭਾਸ਼ਾ ਦੀ ਮਹੱਤਤਾ ਨੂੰ ਉਜਾਗਰ ਕਰਨਾ ਤੇ ਵਿਦਿਆਰਥੀਆਂ ਵਿੱਚ ਆਪਣੇ ਸੱਭਿਆਚਾਰ ਅਤੇ ਭਾਸ਼ਾਈ ਵਿਰਾਸਤ ਪ੍ਰਤੀ ਜਾਗਰੂਕਤਾ ਪੈਦਾ ਕਰਨੀ ਸੀ। ਇਹ ਸਮਾਗਮ ਪ੍ਰੋ. (ਡਾ.) ਬਲਜੀਤ ਸਿੰਘ ਖਹਿਰਾ ਦੇ ਦਿਸ਼ਾ ਨਿਰਦੇਸ਼ਾਂ ਰਾਹੀਂ ਕਰਵਾਇਆ ਗਿਆ।

ਪ੍ਰੋ. ਸਤੀਸ਼ ਵਰਮਾ ਸਾਬਕਾ ਪ੍ਰੋਫੈਸਰ ਅਤੇ ਡਾਇਰੈਕਟਰ ਯੂਥ ਵੈਲਫੇਅਰ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਅੱਜ ਦੇ ਮੁੱਖ ਵਕਤਾ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਕਿ ਮਾਤ ਭਾਸ਼ਾ ਸਾਡੀ ਵਿਅਕਤੀਗਤ ਤੇ ਸਮਾਜਿਕ ਪਛਾਣ ਦਾ ਅਹਿਮ ਹਿੱਸਾ ਹੈ। ਇਹ ਨਾ ਸਿਰਫ ਸਾਡੀ ਸਿੱਖਿਆ ਦਾ ਆਧਾਰ ਹੁੰਦੀ ਹੈ, ਬਲਕਿ ਇਹ ਨਸ਼ਾ ਖਿਲਾਫ ਜਾਗਰੂਕਤਾ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਮਾਤ ਭਾਸ਼ਾ ਰਾਹੀਂ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਵਲੋਂ ਬਚਾਉਣ ਦੀ ਇਕ ਠੋਸ ਕੋਸ਼ਿਸ਼ ਕੀਤੀ ਜਾ ਸਕਦੀ ਹੈ। ਇਸ ਸੈਮੀਨਾਰ ਦਾ ਆਯੋਜਨ ਵਿਦਿਆਰਥੀ ਭਲਾਈ ਵਿਭਾਗ ਦੇ ਇੰਚਾਰਜ ਡਾ. ਧਰਮਿੰਦਰ ਸਿੰਘ ਅਤੇ ਉਨ੍ਹਾਂ ਦੇ ਸਹਿਯੋਗੀ ਡਾ. ਵਿਨੋਦ ਕੁਮਾਰ, ਡਾ. ਧਰਮਿੰਦਰ ਸਿੰਘ, ਪ੍ਰੋ. ਸਰਵਰਿੰਦਰ ਸਿੰਘ, ਪ੍ਰੋ. ਗੁਰਸੰਦੇਸ਼ ਸਿੰਘ ਵੱਲੋਂ ਕੀਤਾ ਗਿਆ। ਪ੍ਰੋ. ਕੰਵਲਵੀਰ ਸਿੰਘ ਢੀਂਡਸਾ, ਕੰਟਰੋਲਰ ਪ੍ਰੀਖਿਆਵਾਂ ਵੱਲੋਂ ਧੰਨਵਾਦ ਕੀਤਾ ਗਿਆ।

ਓਪਨ ਯੂਨੀਵਰਸਿਟੀ ਪਟਿਆਲਾ ਵਿਖੇ ਕਰਵਾਏ ਸੈਮੀਨਾਰ ਦੌਰਾਨ ਡਾ. ਸਤੀਸ਼ ਵਰਮਾ ਨੂੰ ਸਨਮਾਨਿਤ ਕਰਦੇ ਹੋਏ ਪ੍ਰਬੰਧਕ। ਪੰਜਾਬੀ ਜਾਗਰਣ

## Photos







## Links

https://www.instagram.com/share/p/BBGSHGvj4W

https://www.instagram.com/share/p/_t4c-Q-8k

https://www.facebook.com/share/p/1LL5Gkftbr/

https://www.facebook.com/share/p/12F6Y2DwLDn/